# ਸ਼ਹੀਦ ਭਗਤ ਸਿੰਘ
# ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਫਿਰੋਜ਼ਪੁਰ
(ਪੰਜਾਬ ਸਰਕਾਰ ਦੁਆਰਾ ਸਥਾਪਤ)

ਐਸ. ਬੀ. ਐਸ ./ਆਰ. ਟੀ. ਆਈ.-393-94
ਮਿਤੀ 14-04-2012

ਵੱਲ,

ਸ੍ਰੀ ਕੁਲਭੂਸ਼ਨ ਅਗਨੀਹੋਤਰੀ
ਪੁੱਤਰ ਸ੍ਰੀ ਦਾਤਾ ਰਾਮ
ਮਕਾਨ ਨੰ: B-1
ਐਸ.ਬੀ.ਐਸ. ਕਾਲਜ ਆਫ ਇੰਜ: ਐਂਡ ਟੈਕਨਾਲੋਜੀ,
ਫਿਰੋਜ਼ਪੁਰ।

**ਵਿਸ਼ਾ :-** ਆਰ.ਟੀ.ਆਈ. ਕੇਸ **AC No. 1393 of 2011** ਨਾਲ ਸਬੰਧਤ ਪ੍ਰਾਰਥਨਾ ਪੱਤਰ ਦੇ ਲੜੀ ਨੰ 04 ਨਾਲ ਦਸਤਾਂਵੇਜ਼ਾਂ ਸਬੰਧੀ।

ਆਪ ਜੀ ਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਕਾਲਜ ਦੀ ਅਮਲਾ ਸ਼ਾਖਾ ਵਲੋਂ ਰਿਕਾਰਡ ਦੀ ਘੋਖ ਕਰਨ ਉਪਰੰਤ ਆਪ ਜੀ ਨੂੰ ਸੂਚਨਾ ਸਬੰਧੀ 05 ਪੰਨੇ ਅਤੇ ਸਟੋਰ ਵਲੋਂ 01 ਪੰਨਾਂ ਨਿਮਨ ਅਨੁਸਾਰ ਮੁਹੱਈਆ ਕੀਤੇ ਜਾ ਰਹੇ ਹਨ:

ਸ੍ਰੀ ਜਪਿੰਦਰ ਸਿੰਘ ਦੀ ਅਸਾਧਾਰਨ ਛੁੱਟੀ ਵਿੱਚ ਵਾਧਾ ਕਰਨ ਸਬੰਧੀ ਪ੍ਰਵਾਨਗੀ ਨੋਟਿੰਗ।

1. ਸ੍ਰੀ ਜਪਿੰਦਰ ਸਿੰਘ ਦੀ ਅਸਾਧਾਰਨ ਛੁੱਟੀ ਕੈਂਸਲ ਕਰਨ ਅਤੇ ਜੁਆਇੰਨ ਕਰਵਾਉਣ ਸਬੰਧੀ ਪ੍ਰਵਾਨਗੀ ਨੋਟਿੰਗ ਪੰਨਾ-1।
2. ਸ੍ਰੀ ਜਪਿੰਦਰ ਸਿੰਘ ਦੀ ਅਸਾਧਾਰਨ ਛੁੱਟੀ ਕੈਂਸਲ ਕਰਨ ਅਤੇ ਜੁਆਇੰਨ ਕਰਵਾਉਣ ਸਬੰਧੀ ਪ੍ਰਵਾਨਗੀ ਨੋਟਿੰਗ ਪੰਨਾ-2।
3. ਸ੍ਰੀ ਜਪਿੰਦਰ ਸਿੰਘ ਦੀ ਅਸਾਧਾਰਨ ਛੁੱਟੀ ਕੈਂਸਲ ਕਰਨ ਅਤੇ ਜੁਆਇੰਨ ਕਰਵਾਉਣ ਸਬੰਧੀ ਪ੍ਰਵਾਨਗੀ ਨੋਟਿੰਗ ਪੰਨਾ-2। (03.11.2003 ਤੋਂ 31.03.2004 ਤੱਕ) ਦੀ ਸਾਲਾਨਾ
4. ਸ੍ਰੀ ਮਤੀ ਨਵਨੀਤ ਕੌਰ ਲੈਕਚਰਾਰ ਦੀ ਸਾਲ 2003-04 (03.11.2003 ਤੋਂ 31.03.2004 ਤੱਕ) ਦੀ ਸਾਲਾਨਾ ਰਿਪੋਰਟਵਿੱਚ ਦਿੱਤੇ ਪ੍ਰਤੀਕੂਲ ਕਥਨਾ ਨੂੰ ਖਾਰਜ ਕਰਨ ਬਾਰੇ- ਪੰਨਾ-1।
5. ਸ੍ਰੀ ਮਤੀ ਨਵਨੀਤ ਕੌਰ ਲੈਕਚਰਾਰ ਦੀ ਸਾਲ 2003-04 (03.11.2003 ਤੋਂ 31.03.2004 ਤੱਕ) ਦੀ ਸਾਲਾਨਾ ਰਿਪੋਰਟਵਿੱਚ ਦਿੱਤੇ ਪ੍ਰਤੀਕੂਲ ਕਥਨਾ ਨੂੰ ਖਾਰਜ ਕਰਨ ਬਾਰੇ- ਪੰਨਾ-2।
6. ਕਾਲਜ ਲਈ ਨਵਾਂ ਟਰੈਕਟਰ ਖ੍ਰੀਦਣ ਲਈ ਪ੍ਰਵਾਨਗੀ ਨੋਟਿੰਗ।

ਲੋਕ ਸੂਚਨਾ ਅਫਸਰ

**ਉਪਰੋਕਤ ਦਾ ਉਤਾਰਾ:** ਕਮਿਸ਼ਨਰ, ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ ਦੇ ਕੇਸ ਨੰ: AC 1393 **of 2011** ਸਬੰਧੀ ਸੂਚਨਾ ਹਿਤ।

1. ਕਮਿਸ਼ਨਰ, ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ ਦੇ ਕੇਸ ਨੰ: AC 1393 of 2011 ਸਬੰਧੀ ਸੂਚਨਾ ਹਿਤ।
2. ਅਪੀਲ ਅਧਿਕਾਰੀ ਜੀ ਦੀ ਜਾਣਕਾਰੀ ਹਿਤ।

O/C

# ਸ਼ਹੀਦ ਭਗਤ ਸਿੰਘ ਕਾਲਜ ਆਫ਼ ਇੰਜਨੀਅਰਿੰਗ ਅਤੇ ਟੈਕਨਾਲੋਜੀ ਫਿਰੋਜ਼ਪੁਰ

(ਪੰਜਾਬ ਸਰਕਾਰ ਦੁਆਰਾ ਸਥਾਪਿਤ)

ਪੱਤਰ ਨੰ.: ਅਮਲਾ/ 108
ਮਿਤੀ : 16-4-12

ਵੱਲ:-

ਪਬਲਿਕ ਇੰਨਫਰਮੇਸ਼ਨ ਅਫਸਰ
ਐਸ.ਬੀ.ਐਸ.ਸੀ.ਈ.ਟੀ.,
ਫਿਰੋਜ਼ਪੁਰ ।

ਵਿਸ਼ਾ: ਆਰ.ਟੀ.ਆਈ ਅਧੀਨ ਸੂਚਨਾ ਦੇਣ ਸਬੰਧੀ-ਡਾ: ਕੁਲਭੂਸਨ ਅਗਨੀਹੋਤਰੀ, ਵਾਸੀ ਮਕਾਨ ਨੰ: ਬੀ-1, ਐਸ.ਬੀ.ਐਸ.ਸੀ.ਈ, ਫਿਰੋਜ਼ਪੁਰ ।

ਹਵਾਲਾ: ਕੇਸ ਨੰ: AC 1393 of 2011 ਅਤੇ ਮਾਨਯੋਗ ਸਟੇਟ ਇੰਨਫੋਰਮੇਸ਼ਨ ਕਮਿਸ਼ਨ, ਪੰਜਾਬ ਦੇ ਹੁਕਮ ਮਿਤੀ 13-03-2012

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸੈਕਸ਼ਨ ਦੇ ਰਿਕਾਰਡ ਨੂੰ ਇਕ ਵਾਰ ਫੇਰ ਘੋਖਣ ਤੇ ਕੁਝ ਹੋਰ ਕੇਸ ਸਾਹਮਣੇ ਆਏ ਹਨ ਜਿਨਾਂ ਦੀ ਕਾਪੀ (05 ਵਰਕੇ) ਇਸ ਦਫਤਰ ਦੇ ਪੱਤਰ ਨੰ: ਅਮਲਾ/ਅ-2/70 ਮਿਤੀ 27-3-12 ਦੀ ਲਗਾਤਾਰਤਾ ਵਿੱਚ ਆਪ ਨੂੰ ਭੇਜੀ ਜਾ ਰਹੀ ਹੈ । ਇਸ ਤੋ ਇਲਾਵਾ ਮੰਗੀ ਗਈ ਸੂਚਨਾ/ਦਸਤਾਵੇਜ਼ ਪੁਰਾਣੀ /ਸਪੱਸਟ ਨਾ ਹੋਣ ਕਾਰਨ ਦਫਤਰੀ ਰਿਕਾਰਡ ਵਿੱਚ ਲੱਭੇ ਨਹੀਂ ਜਾ ਰਹੇ (un-tracable) ਹਨ । ਕਿਉਂ ਜੋ ਇਹ ਕਾਲਜ 1995 ਤੋ ਹੋਂਦ ਵਿਚ ਹੈ ਅਤੇ ਇਸ ਦਫਤਰ ਵਿਚ ਸਮੇ-ਸਮੇ ਤੇ ਪ੍ਰਬੰਧਕੀ ਸਟਾਫ (ਡੀਲਿੰਗ ਹੈਂਡ) ਬਦਲਦੇ ਰਹੇ ਹਨ ਅਤੇ ਇਸ ਤਰ੍ਹਾਂ ਮੰਗੀ ਗਈ ਅਸਪੱਸਟ ਜਾਣਕਾਰੀ ਦੇਣ ਵਿਚ ਕਾਫੀ ਮੁਸ਼ਕਲ ਪੇਸ਼ ਆ ਰਹੀ ਹੈ । ਇਸ ਤੋ ਇਲਾਵਾ ਇਹ ਵੀ ਸੁ੍ਪਸਟ ਕੀਤਾ ਜਾਂਦਾ ਹੈ ਕਿ ਜੇਕਰ ਪ੍ਰਾਰਥੀ ਵਲੋ ਸ਼ਪਸਟ (ਵਿਸ਼ਾ ਦਸਦੇ ਹੋਏ) ਸੂਚਨਾ ਮੰਗੀ ਜਾਂਦੀ ਹੈ ਤਾਂ, ਇਹ ਦਫਤਰ ਉਪਲੱਬਧ ਸੂਚਨਾ ਮੁਹੱਈਆਂ ਕਰਵਾਉਣ ਲਈ ਹਮੇਸ਼ਾ ਤਿਆਰ ਹੈ ।

16/4

ਡਿਪਟੀ ਰਜਿਸਟਰਾਰ(ਅਮਲਾ)

SHAHEED BHAGAT SINGH
COLLEGE OF ENGINEERING AND TECHNOLOGY
Moga Road, Ferozepur - 152004

ਵਿਸ਼ਾ: ਅਸਾਧਾਰਣ ਛੁੱਟੀ ਵਿੱਚ ਵਾਧਾ ਕਰਨ ਸਬੰਧੀ ।

ਸ੍ਰੀ ਜਪਿੰਦਰ ਸਿੰਘ, ਲੈਕਚਰਾਰ ( ਕੰਮਪਿਊਟਰ ਸਾਇੰਸ ਵਿਭਾਗ ) ਨੇ ਪੱਤਰ ਡਾਇਰੀ ਨੰ:3522 ਮਿਤੀ 6/10/2009 ਰਾਹੀ ਤਿੰਨ ਸਾਲ ਵਾਸਤੇ ਅਸਾਧਾਰਣ ਛੁੱਟੀ ਵਿੱਚ ਵਾਧਾ ਕਰਨ ਸਬੰਧੀ ਬੇਨਤੀ ਕੀਤੀ ਹੈ ਜੋ ਕਿ ਮਾਨਯੋਗ ਤਕਨੀਕੀ ਸਿੱਖਿਆ ਮੰਤਰੀ, ਪੰਜਾਬ,ਚੰਡੀਗੜ੍ਹ ਵੱਲੋ ਮਾਰਕ ਕੀਤਾ ਹੋਇਆ ਹੈ (ਅਨੁਲਗ 'ੳ')।

ਸ੍ਰੀ ਜਪਿੰਦਰ ਸਿੰਘ , ਲੈਕਚਰਾਰ ਨੂੰ ਦਫਤਰੀ ਹੁਕਮ ਨੰ:8879-84 ਮਿਤੀ 25/1/2008(ਅਨੁਲਗ 'ਅ') ਰਾਹੀ ਦੋ ਸਾਲ ਵਾਸਤੇ ਅਸਾਧਾਰਣ ਛੁੱਟੀ ਮੰਨਜੂਰ ਕੀਤੀ ਗਈ ਸੀ । ਅਸਾਧਾਰਣ ਛੁੱਟੀ ਵਿੱਚ ਤਿੰਨ ਸਾਲ ਵਾਸਤੇ ਹੋਰ ਵਾਧਾ ਕਰਨ ਸਬੰਧੀ ਇਸ ਕਾਲਜ ਦੀ ਨੋਟਿੰਗ ਨੰ:8094 ਮਿਤੀ 22/10/09(ਅਨੁਲਗ 'ੲ') ਰਾਹੀ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਲਿਖਿਆ ਗਿਆ ਸੀ । ਜਿਸ ਤੇ ਉਹਨਾਂ ਦੇ ਪੱਤਰ ਮੀਮੋ ਨੰ: 4/23/09-2ਤਸਿ2/28 ਮਿਤੀ 4/1/2010 (ਅਨੁਲਗ 'ਸ')ਰਾਹੀ ਸੰਸਥਾ ਦੇ ਬਾਈਲਾਜ ਅਨੁਸਾਰ ਬਣਦੀ ਲੋੜੀਂਦੀ ਕਾਰਵਾਈ ਕਰਨ ਹਿੱਤ ਹਦਾਇਤ ਕੀਤੀ ਹੈ । ਸੰਸਥਾਂ ਦੇ ਬਾਈਲਾਜ ਹੇਠ ਲਿਖੇ ਅਨੁਸਾਰ ਹਨ:

**28.5** "He should be granted only extra ordinary leave during the period of such outside assignment and that also for a maximum of three years in one spell extendable up to five years by the Board of Governors.

**28.6** "After availing of extraordinary leave in terms of 28.5 above for one year or more in one spell, a teacher / scientist / employee must serve the college for at least three years before he is granted extraordinary leave to accept another assignment for the period short of maximum total of five years in entire service. The condition of five years service will not apply when the period of previous assignment is less than one year but this period shall also be counted for calculating total period of five years for which a teacher / scientist / employee can be granted extraordinary leave during his entire servce."

ਸੋ ਸ੍ਰੀ ਜਪਿੰਦਰ ਸਿੰਘ, ਲੈਕਚਰਾਰ ( ਕੰਮਪਿਊਟਰ ਸ਼ਾਇੰਸ ਵਿਭਾਗ ) ਦੇ ਤਿੰਨ ਸਾਲ ਦੀ ਅਸਾਧਾਰਣ ਛੁੱਟੀ ਵਾਸਤੇ ਬੇਨਤੀ ਪੱਤਰ ਤੇ ਉਪਰੋਕਤ ਦਰਸਾਏ ਗਏ ਬਾਈਲਾਜ ਅਨੁਸਾਰ ਯੋਗ ਕਾਰਵਾਈ ਕਰਨ ਹਿੱਤ ਪੇਸ਼ ਹੈ ਜੀ ।

ਡਾਇਰੈਕਟਰ

ਤਕਨੀਕੀ ਸਿੱਖਿਆ ਮੰਤਰੀ - ਕਮ -
ਚੇਅਰਮੈਨ, ਬੀ.ਓ.ਜੀ

ਕਿਉਂਕਿ ਇਸ ਅਧਿਕਾਰੀ ਵੱਲੋਂ ਇੱਕੋ ਹੀ ਅਸਾਈਨਮੈਂਟ ਲਈ ਛੁੱਟੀ ਦੀ ਮੰਗ ਕੀਤੀ ਗਈ ਹੈ, ਇਸ ਲਈ ਇਹ ਛੁੱਟੀ ਪ੍ਰਵਾਨ ਕੀਤੀ ਜਾਂਦੀ ਹੈ।

ਮਹਿੰਦਰ ਰਾਮ
ਤ.ਸਿ.ਸ.ਸ.ਮੰ.-ਕਮ-ਚੇਅਰਮੈਨ
15.01.10

ਪ੍ਰਿੰਸੀਪਲ

Supdt. (Estb.)
S.B.S.C.E.T., Ferozepur

ਦਫਤਰ ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਅਤੇ ... ਮੰਤਰੀ, ਪੰਜਾਬ
ਨੰਬਰ 16
ਮਿਤੀ 8-01-10

SBSCET/Fer/10536
6-1-10

ਚਲਦਾ ਪਨਾ-2-

## ਕਾਲਜ ਆਫ਼ ਇੰਜੀਨੀਅਰਿੰਗ ਐਂਡ ...

### ਮੋਗਾ ਰੋਡ, ਫਿਰੋਜ਼ਪੁਰ – 152004

2

ਵਿਸ਼ਾ: ਅਸਾਧਾਰਣ ਛੁੱਟੀ ਕੈਂਸਲ ਕਰਨ ਅਤੇ ਜੁਆਇੰਨ ਕਰਾਉਣ ਸਬੰਧੀ -ਸ੍ਰੀ ਜਪਿੰਦਰ ਸਿੰਘ, ਸਹਾਇਕ ਪ੍ਰੋਫੈਸਰ-ਕੰਮਪਿਊਟਰ ਸਾਇੰਸ ਵਿਭਾਗ।

ਸ੍ਰੀ ਜਪਿੰਦਰ ਸਿੰਘ, ਸਹਾਇਕ ਪ੍ਰੋਫੈਸਰ-ਕੰਮਪਿਊਟਰ ਸਾਇੰਸ ਵਿਭਾਗ ਨੇ ਪੱਤਰ ਡਾਇਰੀ ਮਿਤੀ 15/2/2012 ਰਾਹੀਂ ਬੇਨਤੀ ਕੀਤੀ ਹੈ ਕਿ ਉਸਦੀ ਅਸਾਧਾਰਣ ਛੁੱਟੀ ਕੈਂਸਲ ਕਰਕੇ ਉਸਨੂੰ ਕਾਲਜ ਵਿੱਚ ਮਿਤੀ 15/02/2012 (FN )ਤੋਂ ਡਿਊਟੀ ਜੁਆਇੰਨ ਕਰਨ ਦੀ ਇਜਾਜਤ ਦਿੱਤੀ ਜਾਵੇ (ਅਨੁਲਗ-ੳ)।

ਕਾਲਜ ਦੇ ਦਫਤਰੀ ਹੁਕਮ ਨੰ:8879-84 ਮਿਤੀ 25/01/2008 ਰਾਹੀਂ ਸਬੰਧਤ ਅਧਿਕਾਰੀ ਨੂੰ ਅਸਾਧਾਰਣ ਛੁੱਟੀ ਮਿਤੀ 25/01/2008 ਤੋਂ 24/01/2010 ਤੱਕ ਮੰਨਜੂਰ ਕੀਤੀ ਗਈ ਸੀ (ਅਨੁਲਗ-ਅ) । ਇਸ ਅਸਾਧਾਰਣ ਛੁੱਟੀ ਵਿੱਚ ਉਪਰੰਤ ਸਬੰਧਤ ਅਧਿਕਾਰੀ ਦੇ ਬੇਨਤੀ ਪੱਤਰ ਮਿਤੀ 22/09/2009 (ਅਨੁਲਗ-ੲ ) ਅਨੁਸਾਰ ਅਸਾਧਾਰਣ ਛੁੱਟੀ ਵਿੱਚ 03 ਸਾਲ ਦਾ ਹੋਰ ਵਾਧਾ ਕਰਨ ਵਾਸਤੇ ਮਾਨਯੋਗ ਪ੍ਰ.ਸ.ਤ.ਸਿ.ਓ.ਸਿ.ਪੰਜਾਬ ਵੱਲੋ ਕਾਲਜ ਦੇ ਨੋਟਿੰਗ ਨੰ: 8094 ਮਿਤੀ 22-10-2009 ਰਾਹੀਂ ਪ੍ਰਵਾਨਗੀ ਮੰਗੀ ਗਈ ਸੀ । ਮਾਨਯੋਗ ਪ੍ਰ.ਸ.ਤ.ਸਿ.ਓ.ਸਿ.ਪੰਜਾਬ ਦੇ ਮੀਮੋ ਨੰ: 4/23/09-2ਤਸਿ2/28 ਮਿਤੀ 04-01-2010 ਰਾਹੀਂ ਕਾਲਜ ਨੂੰ ਇਹ ਹਦਾਇਤ ਪ੍ਰਾਪਤ ਹੋਈ ਸੀ ਕਿ ਕਾਲਜ ਬਾਇ -ਲਾਜ ਅਨੁਸਾਰ ਕਾਰਵਾਈ ਕੀਤੀ ਜਾਵੇ । ਕਾਲਜ ਬਾਏ ਲਾਅਜ ਰੂਲ 28.5 ਅਨੁਸਾਰ(ਅਨੁਲਗ-ਸ )

"He should be granted only extraordinary leave during the period of such outside assignment and that also for a maximum of three years in one spell extendable up to five years by the Board of Governors".

ਮਾਨਯੋਗ ਤਕਨੀਕੀ ਸਿੱਖਿਆ ਮੰਤਰੀ-ਕਮ-ਚੇਅਰਮੈਨ ਬੀ.ਓ.ਜੀ. ਦੀ ਪ੍ਰਵਾਨਗੀ ਨੋਟਿੰਗ ਨੰ:16 ਮਿਤੀ 8/01/2010(ਅਨੁਲਗ-ਹ) ਅਨੁਸਾਰ ਮਿਤੀ 25/1/2010 ਤੋਂ 24/01/2013 ਤੱਕ ਕਾਲਜ ਦੇ ਦਫਤਰੀ ਹੁਕਮ ਨੰ:11055-61 ਮਿਤੀ 22/01/2010 ਰਾਹੀਂ ਸਬੰਧਤ ਅਧਿਕਾਰੀ ਨੂੰ ਅਸਧਾਰਣ ਛੁੱਟੀ ਪ੍ਰਵਾਨ ਕਰ ਦਿੱਤੀ ਗਈ ਸੀ (ਅਨੁਲਗ-ਕ)।

ਇਥੇ ਇਹ ਦੱਸਿਆ ਜਾਂਦਾ ਹੈ ਕਿ ਕਾਲਜ ਦਾ ਅਕੈਡਮਿਕ ਆਡਿਟ ਪੀ.ਟੀ.ਯੂ.,ਜਲੰਧਰ ਵੱਲੋ ਕੀਤਾ ਗਿਆ ਸੀ ਅਤੇ ਇਸ ਸਬੰਧ ਵਿੱਚ ਉਨ੍ਹਾਂ ਨੇ ਇਤਰਾਜ ਲਗਾਇਆ ਹੈ ਕਿ ਆਪਦੇ ਕਾਲਜ ਵਿੱਚ ਫੈਕਲਟੀ ਦੀ ਘਾਟ ਹੈ। ਇਸ ਤੋ ਇਲਾਵਾ ਏ.ਆਈ.ਸੀ.ਟੀ.ਈ.,ਨਵੀ ਦਿੱਲੀ ਦੀ ਸਾਲ 2010-11 ਦੀ ਰਿਪੋਰਟ ਤੇ ਕਾਲਜ ਵਿੱਚ 33 ਫੈਕਲਟੀ ਮੈਬਰਾਂ ਦੀ ਘਾਟ ਦਿਖਾਈ ਹੈ ਇਸ ਲਈ ਡੇਪੂਟੇਸ਼ਨ ਤੇ ਗਏ ਇੰਨ੍ਹਾਂ ਫੈਕਲਟੀ ਮੈਂਬਰਾ ਨੂੰ ਤੁਰੰਤ ਵਾਪਿਸ ਬੁਲਾਉਣ ਲਈ ਕਾਲਜ ਦੇ ਪੱਤਰ ਨੰ:5730 ਮਿਤੀ 31/10/2011 (ਅਨੁਲਗ-ਖ) ਰਾਹੀਂ ਮਾਨਯੋਗ ਪ੍ਰ.ਸ.ਤ.ਸਿ.ਓ.ਸਿ.ਵਿ.,ਪੰਜਾਬ ਪਾਸੋਂ ਪ੍ਰਵਾਨਗੀ ਮੰਗੀ ਗਈ ਹੈ ਤਾ ਜੋ AICTEਅਤੇ PTU ਦੇ ਇਤਰਾਜ ਤੋ ਬੱਚਿਆ ਜਾ ਸਕੇ ।ਕਾਲਜ ਦੇ ਪੱਤਰ ਨੰ:9874 ਮਿਤੀ 10/02/2012 ਰਾਹੀਂ ਮਾਨਯੋਗ ਪ੍ਰ.ਸ.ਤ.ਸਿ.ਓ.ਸਿ.ਵਿ.,ਪੰਜਾਬ ਨੂੰ ਡੈਪੂਟੇਸ਼ਨ ਖਾਰਜ ਕਰਨ ਸਬੰਧੀ ਮੁੜ ਬੇਨਤੀ ਕੀਤੀ ਗਈ ਹੈ (ਅਨੁਲਗ-ਗ)।

ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਫੈਕਲਟੀ ਦੀ ਘਾਟ ਸਬੰਧੀ ਮਾਨਯੋਗ ਪ੍ਰ.ਸ.ਤ.ਸਿ.ਓ.ਸਿ.ਵਿ., ਪੰਜਾਬ ਨੂੰ ਕਾਲਜ ਦੇ ਪੱਤਰ ਨੰ:7213-14 ਮਿਤੀ 23/12/2011 ਰਾਹੀਂ ਲਿਖਿਆ ਗਿਆ ਹੈ ਕਿ ਕਾਲਜ ਦੇ ਫਕੈਲਟੀ ਮੈਂਬਰਾਂ ਨੂੰ ਡੈਪੂਟੇਸ਼ਨ/ਲੀਅਨ ਜਾਂ ਕਾਲਜ ਤੋ ਬਾਹਰ ਭੇਜਣ ਸਮੇਂ ਇਸ ਕਾਲਜ ਵਿੱਚ ਫੈਕਲਟੀ ਦੀ ਘਾਟ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਫੈਕਲਟੀ ਦੀ ਘਾਟ ਨੂੰ ਪੂਰਾ ਕਰਨ ਸਬੰਧੀ ਭਰਤੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ (ਅਨੁਲਗ-ਘ)।

ਇਸ ਤੋਂ ਇਲਾਵਾ ਕਾਲਜ ਦੇ ਸਬੰਧਤ ਵਿਭਾਗੀ ਮੁੱਖੀ, ਕੰਪਿਊਟਰ ਸਾਇੰਸ ਇੰਜ: ਵਿਭਾਗ ਵੱਲੋਂ ਮਿਤੀ 15-02-2012 ਰਾਂਹੀਂ ਰਿਪੋਰਟ ਮੰਗੀ ਗਈ ਸੀ, ਉਹਨ੍ਹਾਂ ਨੇ ਵੀ ਕੰਪਿਊਟਰ ਸਾਇੰਸ ਵਿਭਾਗ ਵਿੱਚ ਫੈਕਲਟੀ ਦੀ ਘਾਟ ਨੂੰ ਦੇਖਦੇ ਹੋਏ ਸਿਫਾਰਸ ਕੀਤੀ ਹੈ ਕਿ ਸ੍ਰੀ ਜਪਿੰਦਰ ਸਿੰਘ, ਸਹਾਇਕ ਪ੍ਰੋਫੈਸਰ ਨੂੰ ਕਾਲਜ ਵਿੱਚ ਰੂਲਾਂ ਅਨੁਸਾਰ ਜੁਆਇੰਨ ਕਰਵਾ ਲਿਆ ਜਾਵੇ।

Assistant Registrar
S.B.S.C.E.T Ferozepur

Diary No....6576.......
Date.......16.2.12.......
Shaheed Bhagat Singh College of Engg. & Tech. ... gy.
Moga Road, Ferozepur

SHAHEED BHAGAT SINGH
COLLEGE OF ENGINEERING AND TECHNOLOGY
Moga Road, Ferozepur - 152004

67

ਵਿਸ਼ਾ :-ਸ੍ਰੀਮਤੀ ਨਵਨੀਤ ਕੌਰ, ਲੈਕਚਰਾਰ ਦੀ ਸਾਲ 2003-04 (03.11.2003 ਤੋਂ 31.3.2004 ਤੱਕ) ਦੀ ਸਾਲਾਨਾ ਰਿਪੋਰਟ ਵਿੱਚ ਦਿੱਤੇ ਪ੍ਰਤੀਕੂਲ ਕਥਨਾਂ ਨੂੰ ਖਾਰਜ ਕਰਨ ਬਾਰੇ।

ਸ੍ਰੀਮਤੀ ਨਵਨੀਤ ਕੌਰ, ਲੈਕਚਰਾਰ ਦੀ ਸਾਲ 2003-04 (03.11.2003 ਤੋਂ 31.3.2004 ਤੱਕ) ਦੀ ਸਾਲਾਨਾ ਗੁਪਤ ਰਿਪੋਰਟ ਵਿੱਚ ਦਿੱਤੇ ਪ੍ਰਤੀਕੂਲ ਕਥਨਾਂ ਨੂੰ ਖਾਰਜ ਕਰਨ ਬਾਰੇ ਇਸ ਕਾਲਜ ਦੇ ਪੱਤਰ ਨੰ. ਅਮਲਾ-3/12400 ਮਿਤੀ 12/2/2009 ਰਾਂਹੀ ਅਧਿਕਾਰਣ ਦੀ ਅਸਲ ਗੁਪਤ ਰਿਪੋਰਟਾਂ ਦੀ ਮਿਸਲ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,ਸੈਕਟਰ-9, ਚੰਡੀਗੜ੍ਹ ਵਿਖੇ ਭੇਜ਼ੀ ਗਈ ਸੀ ।ਕਾਲਜ ਦੇ ਪੱਤਰ ਨੰ. ਅਮਲਾ-3/7594 ਮਿਤੀ 22/9/2010 ਰਾਂਹੀ ਇਸ ਕੇਸ ਸਬੰਧੀ ਸਰਕਾਰ ਦੇ ਹੋਏ ਫੈਸਲੇ ਤੋਂ ਜਾਣੂ ਕਰਵਾਉਣ ਵਾਸਤੇ ਬੇਨਤੀ ਕੀਤੀ ਗਈ ।ਹੁਣ ਪੰਜਾਬ ਸਰਕਾਰ ਦੇ ਮੀਮੋ ਨੰ. 15/1/2005-2ਤਸਿੱ2/4304 ਮਿਤੀ 29/9/2010 ਰਾਂਹੀ ਇਸ ਅਧਿਕਾਰਣਦੀ ਸਾਲਾਨਾ ਗੁਪਤ ਰਿਪੋਰਟਾਂ ਦੀ ਅਸਲ ਮਿਸਲ ਅਤੇ ਪ੍ਰਸੋਨਲ ਵਿਭਾਗ ਦੀ ਸਲਾਹ ਦੀ ਕਾਪੀ ਵੀ ਪ੍ਰਾਪਤ ਹੋਈ ਹੈ।

ਸ੍ਰੀਮਤੀ ਨਵਨੀਤ ਕੌਰ ਦੇ ਪ੍ਰਤੀਕੂਲ ਕਥਨਾਂ ਸਬੰਧੀ ਪੰਜਾਬ ਸਰਕਾਰ ਦੇ ਉਪਰੋਕਤ ਅਨੁਸਾਰ ਪ੍ਰਾਪਤ ਪ੍ਰਸੋਨਲ ਵਿਭਾਗ ਦੇ ਪੱਤਰ ਰਾਂਹੀ ਦਰਸਾਇਆ ਗਿਆ ਹੈ ਕਿ ਪ੍ਰਸੋਨਲ ਵਿਭਾਗ ਇਹ ਪ੍ਰੇਖਣ ਕਰਦਾ ਹੈ ਕਿ ਜਦੋਂ ਇਸ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਗੁਪਤ ਰਿਪੋਰਟਾਂ ਰਿਵਿਊ ਨਹੀਂ ਕੀਤੀ ਜਾ ਸਕਦੀ, ਤੇ ਪੂਰਵਲੇ ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਵੱਲੋਂ ਸ੍ਰੀਮਤੀ ਨਵਨੀਤ ਕੌਰ, ਲੈਕਚਰ਼ਾਰ ਦੀ ਪ੍ਰਤੀ ਬੇਨਤੀ ਫਾਈਲ਼ ਕੀਤੀ ਜਾ ਚੁੱਕੀ ਹੈ, ਤਾਂ ਇਸ ਸਟੇਜ਼ ਤੇ ਇਸ ਵਿਭਾਗ ਤੋਂ ਸਲ਼ਾਹ ਲੈਣ ਲਈ ਕੇਸ ਕਿੰਨਾ ਹਦਾਇਤਾਂ ਤਹਿਤ ਭੇਜਿਆ ਗਿਆ ਹੈ।

ਸ੍ਰੀਮਤੀ ਨਵਨੀਤ ਕੌਰ, ਲੈਕਚਰਾਰ ਇਸ ਕਾਲਜ ਵਿਖੇ ਮਿਤੀ 08-10-2001 (ਬਾਅਦ ਦੁਪਹਿਰ) ਨੂੰ ਬਤੌਰ ਲੈਕੰਰਚਾਰ ਜੁਆਇੰਨ ਕੀਤਾ ਸੀ । ਕਰਮਚਾਰ਼ਣ ਦੀਆਂ ਉਸ ਸਮੇਂ ਤੋਂ ਹੁਣ ਤੱਕ ਦੀਆਂ ਸਲਾਨਾ ਗੁਪਤ ਰਿਪੋਰਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਾਲ | ਦਰਜਾਬੰਦੀ |
|---|---|---|
| 01 | 08-10-2001 ਤੋਂ 31-03-2002 | Very Good |
| 02 | 2002-2003 | Very Good |
| 03 | 2003-2004 (03-11-03 ਤੋਂ 31-03-04) | Poor |
| 04 | 2004-2005 | Good |
| 05 | 2005-2006 | Good |
| 06 | 2006-2007 | Good |
| 07 | 2007-2008 | Good |
| 08 | 01-04-2008 ਤੋਂ 08-08-08 | Good |
| 09 | 09-08-08 ਤੋਂ 07-10-08 | Non written certificate |
| 10 | 08-10-08 ਤੋਂ 31-03-09 | Out Standing |
| 11 | 2009-2010 | Very Good |

Assistant Registrar
S.B.S.C.E.T Ferozepur

ਚਲਦਾ ਪੰਨਾ --2--

SBSCET/Est/7093
Dated 29-10-10

SHAHEED BHAGAT SINGH
COLLEGE OF ENGINEERING AND TECHNOLOGY
Moga Road, Ferozepur - 152004



ਸੋ ਕਰਮਚਾਰਣ ਦੇ ਪੂਰੇ ਸੇਵਾ ਕਾਲ ਦੌਰਾਨ ਮਿਤੀ 03-11-2003 ਤੋਂ 31-03-2004 (ਲਗਭੱਗ ਸਮਾਂ 05 ਮਹੀਨੇ) ਤੋਂ ਬਗੈਰ ਸਲਾਨਾ ਗੁਪਤ ਰਿਪੋਰਟਾਂ ਦੀ ਦਰਜਾਬੰਦੀ Good /Very Good/ Out Standing ਹੈ (ਅਸਲ ਸਲਾਨਾ ਗੁਪਤ ਰਿਪੋਰਟਾਂ ਦੀ ਨਿੱਜੀ ਫਾਈਲ ਨੱਥੀ) । ਇਸ ਕਰਕੇ ਹੁਣ ਤੱਕ ਕਰਮਚਾਰਣ ਦੀਆਂ ਸਲਾਨਾ ਗੁਪਤ ਰਿਪੋਰਟਾਂ ਦੀ ਦਰਜਾਬੰਦੀਆਂ ਨੂੰ ਦੇਖਦੇ ਹੋਏ ਬੇਨਤੀ ਹੈ ਕਿ 03-11-2003 ਤੋਂ 31-03-2004 ਦੇ ਸਮੇਂ ਦੌਰਾਨ ਸਾਲ 2003-04 ਦੀ ਗੁਪਤ ਰਿਪੋਰਟ ਵਿੱਚ ਦਿੱਤੇ ਪ੍ਰਤੀਕੂਲ ਕਥਨਾਂ ਨੂੰ ਖਾਰਜ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ ।

ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਪ੍ਰਿੰਸੀਪਲ

ਮਾਨਯੋਗ ਤਕਨੀਕੀ ਸਿੱਖਿਆ ਮੰਤਰੀ
-ਕਮ-ਚੇਅਰਮੈਨ ਬੀ.ਓ.ਜੀ.
ਐਸ.ਬੀ.ਐਸ.ਸੀ.ਈ.ਟੀ., ਫਿਰੋਜਪੁਰ।

02-11-2010

ਪ੍ਰਿੰਸੀਪਲ

Diary No. 5059
Date 3-11-10
Shaheed Bhagat Singh College
of Engg. & Technology,
Moga Road, FEROZEPUR

Assistant Registrar
S.B.S.C.E T Ferozepur

3/11/2010

...P/2

# SHAHEED BHAGAT SINGH
## COLLEGE OF ENGINEERING AND TECHNOLOGY
Moga Road, Ferozepur - 152004

ਵਿਸ਼ਾ :- **ਕਾਲਜ ਵਿੱਚ ਵਰਤੋਂ ਲਈ ਨਵਾਂ ਟਰੈਕਟਰ ਖਰੀਦਣ ਸੰਬੰਧੀ।**

ਸ਼ਹੀਦ ਭਗਤ ਸਿੰਘ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਫ਼ਿਰੋਜ਼ਪੁਰ (ਪੰਜਾਬ ਸਰਕਾਰ ਦੁਆਰਾ
ਸੰਚਾਲਤ) ਜੋ ਕਿ ਲਗਭਗ 100 ਏਕੜ ਵਿੱਚ ਫੈਲਿਆ ਹੋਇਆ ਹੈ ਇਸ ਵਿੱਚ . ਬਗੀਚੇ, ਫੁਲ ਪੌਦਿਆਂ ਦੀ
ਲਗਵਾਈ, ਘਾਹ ਕਟਵਾਉਣ, ਸਦਾ ਬਹਾਰ ਰੁੱਖਾਂ, ਗਰਾਊਂਡਾਂ ਅਤੇ ਜ਼ਮੀਨ ਦੀ ਸਾਂਭ ਸੰਭਾਲ ਲਈ ਇੱਕ
ਟਰੈਕਟਰ ਦੀ ਜਰੂਰਤ ਹੈ। ਇਸ ਦੀ ਖਰੀਦ ਲਈ 21 ਵੀ ਵਿਤ ਕਮੇਟੀ ਦੀ ਮੀਟਿੰਗ ਵਿੱਚ ਲੋੜੀਂਦੇ ਧਨ ਦੀ
ਵਿਵਸਥਾ ਵੀ ਕਰਵਾਈ ਗਈ ਹੈ ਜਿਸ ਸੰਬੰਧੀ ਦਸਤਾਵੇਜ ਅਨੁਲਗ ੳ ਤੇ ਰੱਖਿਆ ਜਾਂਦਾ ਹੈ। ਇਹ
ਟਰੈਕਟਰ ਕਿਹੜੀ ਕੰਪਨੀ ਦਾ ਅਤੇ ਕਿੰਨੇ ਹਾਰਸ ਪਾਵਰ ਦਾ ਹੋਵੇ, ਇਸ ਏਰੀਏ ਲਈ ਢੁਕਵਾਂ ਟਰੈਕਟਰ
ਖਰੀਦਣ ਲਈ ਢੁਕਵੀਆਂ ਸਿਫ਼ਾਰਿਸ਼ਾਂ ਦੇਣ ਲਈ ਕਾਲਜ ਵੱਲੋਂ ਇੱਕ ਕਮੇਟੀ ਗਠਿਤ ਕੀਤੀ ਗਈ ਸੀ ।
ਕਮੇਟੀ ਨੇ ਲੋੜੀਂਦਾ ਸਰਵੇਖਣ ਕਰਨ ਤੋਂ ਬਾਅਦ ਆਪਣੀ ਰਿਪੋਰਟ ਦਿੱਤੀ ਹੈ ਜੋ ਕਿ ਅਨੁਲਗ ਅ ਤੇ ਰੱਖੀ
ਜਾਂਦੀ ਹੈ। ਰਿਪੋਰਟ ਅਨੁਸਾਰ ਕਮੇਟੀ ਨੇ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦਾ 265 ਡੀ ਆਈ ਤਿੰਨ
ਸਲੰਡਰ ਟਰੈਕਟਰ ਖਰੀਦਣ ਦੀ ਸਿਫ਼ਾਰਿਸ਼ ਕੀਤੀ ਹੈ। ਇਸ ਟਰੈਕਟਰ ਦੀ ਕੀਮਤ ਲਗਭਗ 3 ਲੱਖ 95
ਹਜ਼ਾਰ ਰੁਪਏ ਹੈ।

ਕਾਲਜ ਬਾਈ ਲਾਜ਼ ਦੇ ਖਰੀਦ ਨਿਯਮਾਂ 14 .14 : . Purchase from Government
Departments, ਦੇ ਮੁਤਾਬਿਕ ਕੋਈ ਵੀ ਖਰੀਦ ਜੋ ਕਿ ਪ੍ਰੋਪਰਾਈਟਰੀ ਮੈਨੂਫੈਕਚਰਰ/ ਉਨ੍ਹਾਂ ਦੇ
ਅਥਾਰਾਈਜ਼ਡ ਸਟਾਕਿਸਟ ਜਾਂ ਏਜੰਟ ਤੋਂ ਕੀਤੀ ਜਾਣੀ ਹੈ ਉਹ ਬਿਨਾ ਕੋਈ ਕੁਟੇਸ਼ਨ/ਟੈਂਡਰ ਆਦਿ ਲਏ ਸਿੱਧੇ
ਹੀ ਉਸ ਕੰਪਨੀ ਦੇ ਕੀਮਤ ਦੀ ਲਿਸਟ ਅਤੇ ਉਸ ਕੰਪਨੀ ਦੇ ਮੈਨੂਫੈਕਚਰਰ ਹੋਣ ਸੰਬੰਧੀ ਲੋੜੀਂਦੇ ਸਬੂਤਾਂ ਦੇ
ਦਸਤਾਵੇਜ਼ਾਂ ਦੇ ਆਧਾਰ 'ਤੇ ਕੀਤੀ ਜਾ ਸਕਦੀ ਹੈ। ਇਸ ਖਰੀਦ ਲਈ ਪ੍ਰਿੰਸੀਪਲ competent financial
authority ਹੈ।'

ਜੋ, ਉਪਰੋਕਤ ਦਰਸਾਏ ਅਨੁਸਾਰ ਟਰੈਕਟਰ ਦੀ ਖਰੀਦ ਕਰਨ ਲਈ ਆਪ ਜੀ ਦੀ ਪ੍ਰਵਾਨਗੀ ਹਿਤ ਪੇਸ਼ ਹੈ
ਜੀ।

ਪ੍ਰਿੰਸੀਪਲ 17/6/10

ਚੇਅਰਮੈਨ ਬੀ.ਓ.ਜੀ.-ਕਮ-
ਤਕਨੀਕੀ ਸਿੱਖਿਆ ਮੰਤਰੀ ਜੀ, ਪੰਜਾਬ।

Principal
SBSCET
Ferozepur

SPU

Store Officer
S.B.S. College of Engg. & Tech.
FEROZEPUR

Purchase Committee